## ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ: ਅੱਠਵੀਂ ਪ੍ਰੀਖਿਆ ਮਈ-2025 ਪ੍ਰਯੋਗੀ ਪ੍ਰੀਖਿਆਵਾਂ ਦੇ ਅੰਕ ਆਨ ਲਾਈਨ ਭਰਨ ਸਬੰਧੀ ਹਦਾਇਤਾਂ।**

1) ਪ੍ਰੀਖਿਆ ਲਈ ਪ੍ਰਯੋਗੀ ਪ੍ਰੀਖਿਆਵਾਂ ਦੇ ਅੰਕ ਆਨ ਲਾਈਨ ਕਰਨ ਲਈ ਸਕੂਲਾਂ ਨੂੰ ਮਿਤੀ 21-05-2025 ਤੋਂ 24-05-2025 ਤੱਕ ਦਾ ਸਮਾਂ ਦਿੱਤਾ ਗਿਆ ਹੈ। ਇਸ ਤੋਂ ਬਾਅਦ ਆਨ ਲਾਈਨ ਡਾਟਾ ਲਾਕ ਹੋ ਜਾਵੇਗਾ।
2) ਜੇਕਰ ਪ੍ਰੀਖਿਆਰਥੀ ਗ਼ੈਰ-ਹਾਜ਼ਰ ਹੈ ਤਾਂ ਪ੍ਰਯੋਗੀ ਪ੍ਰੀਖਿਆ ਦੇ ਕਾਲਮ ਵਿੱਚ A(ABS) ਲਿਖਿਆ ਜਾਵੇ।
3) ਜੇਕਰ ਪ੍ਰੀਖਿਆਰਥੀ ਦੀ ਯੋਗਤਾ ਰੱਦ ਹੈ ਤਾਂ ਪ੍ਰਯੋਗੀ ਪ੍ਰੀਖਿਆ ਦੇ ਕਾਲਮ ਵਿੱਚ C(CAN) ਲਿਖਿਆ ਜਾਵੇ।
4) ਆਪਣੇ ਪੱਧਰ ਤੇ ਸਕੂਲ ਨੂੰ ਆਨ-ਲਾਈਨ ਕੋਈ ਵੀ ਵਿਸ਼ਾ ਤਬਦੀਲ ਕਰਨ ਦੀ ਆਗਿਆ ਨਹੀਂ ਹੈ।
5) ਫਾਈਨਲ ਸਬਮਿਟ ਕਰਨ ਤੋਂ ਪਹਿਲਾਂ Rough Print Out ਲੈ ਕੇ ਪ੍ਰੀਖਿਆਰਥੀਆਂ ਦੇ ਵਿਸ਼ੇਵਾਰ ਭਰੇ ਅੰਕ ਚੈਕ ਕਰ ਲਏ ਜਾਣ ਜੇਕਰ ਕੋਈ ਤਰੁੱਟੀ ਹੈ ਤਾਂ ਆਨ-ਲਾਈਨ ਸੋਧ ਕਰ ਲਈ ਜਾਵੇ।
6) ਫਾਈਨਲ ਸਬਮਿਟ ਕਰਨ ਉਪਰੰਤ ਆਨ-ਲਾਈਨ ਡਾਟਾ ਲਾਕ ਹੋ ਜਾਵੇਗਾ ਅਤੇ ਕਿਸੇ ਵੀ ਪ੍ਰਕਾਰ ਦੀ ਸੋਧ ਨਹੀਂ ਕੀਤੀ ਜਾ ਸਕੇਗੀ।
7) ਪ੍ਰਯੋਗੀ ਪ੍ਰੀਖਿਆ ਦੇ ਅੰਕ ਭਰਨ ਦੀ ਸਹੀ ਵਿਧੀ ਇਹ ਹੈ ਕਿ ਜੇਕਰ ਪ੍ਰੀਖਿਆਰਥੀ ਦੇ ਅੰਕ 10 ਹਨ ਤਾਂ ਪ੍ਰਯੋਗੀ ਪ੍ਰੀਖਿਆ ਵਾਲੇ ਕਾਲਮ ਵਿੱਚ 010 ਦਰਜ ਕੀਤਾ ਜਾਵੇ ਅਤੇ ਜੇਕਰ 1 ਅੰਕ ਹੈ ਤਾ 001 ਦਰਜ ਕੀਤਾ ਜਾਵੇ।
8) ਫਾਈਨਲ ਸਬਮਿਸ਼ਨ ਦਾ original print ਸਕੂਲ ਮੁੱਖੀ ਵੱਲੋਂ ਤਸਦੀਕ ਕਰਕੇ ਸਕੂਲ ਰਿਕਾਰਡ ਵਿੱਚ ਰੱਖਿਆ ਜਾਵੇ। ਫੋਟੋ ਸਟੇਟ ਕਾਪੀ ਰਿਕਾਰਡ ਵਿੱਚ ਨਾ ਰੱਖੀ ਜਾਵੇ।

**ਨੋਟ:- ਪ੍ਰਯੋਗੀ ਪ੍ਰੀਖਿਆ ਦੇ ਅੰਕ ਭਰਨ ਤੋਂ ਪਹਿਲਾਂ ਸਕੂਲ ਮੁੱਖੀ ਸਾਰੇ ਪ੍ਰੀਖਿਆਰਥੀਆਂ ਦੀ ਵਿਸ਼ੇ ਵਾਰ CONSOLIDATED ਕਾਪੀ ਤਿਆਰ ਕਰਵਾ ਲੈਣ ਤਾਂ ਜੋ ਆਨ ਲਾਈਨ ਅੰਕ ਭਰਨ ਵਿੱਚ ਕੋਈ ਦਿੱਕਤ ਨਾ ਆਵੇ। ਇਸ ਕੰਮ ਲਈ ROUGH PRINT ਲਿਆ ਜਾ ਸਕਦਾ ਹੈ,ਜਿਸ ਵਿੱਚ ਸਾਰੇ ਪ੍ਰੀਖਿਆਰਥੀਆਂ ਦੇ ਵਿਸ਼ੇ ਪ੍ਰਿੰਟ ਹੋਣਗੇ।**

**ਸੁਪਰਡੰਟ (ਅੱਠਵੀਂ)**

22/5/25